# ਵਰਲਡ ਪੰਜਾਬੀ ਟਾਈਮਜ਼
## WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਭਾਰਤ-ਕੈਨੇਡਾ ਸਬੰਧਾਂ ਵਿੱਚ ਸੁਧਾਰ ਦੋਵਾਂ ਦੇਸ਼ਾਂ ਅਤੇ ਲੋਕਾਂ ਦੇ ਹਿੱਤ ਵਿੱਚ: ਸਤਨਾਮ ਸਿੰਘ ਸੰਧੂ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 26 ਜੂਨ : ਭਾਰਤ ਦੇ ਰਾਜ ਸਭਾ ਮੈਂਬਰ, ਭਾਜਪਾ ਆਗੂ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਕਿਹਾ ਹੈ ਕਿ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਸਿਰਫ਼ ਕੂਟਨੀਤਕ ਨਹੀਂ, ਸਗੋਂ ਸਮਾਜਿਕ, ਸੱਭਿਆਚਾਰਕ ਅਤੇ ਪਰਿਵਾਰਕ ਸਾਂਝ ਨਾਲ ਜੁੜੇ ਹੋਏ ਹਨ। ਕੈਨੇਡਾ ਵਿੱਚ ਵਸਦਾ ਵੱਡਾ ਭਾਰਤੀ ਭਾਈਚਾਰਾ ਦੋਵਾਂ ਦੇਸ਼ਾਂ ਵਿਚਕਾਰ ਮਜ਼ਬੂਤ ਪੁਲ ਦਾ ਕੰਮ ਕਰਦਾ ਹੈ ਅਤੇ ਰਿਸ਼ਤਿਆਂ ਵਿੱਚ ਆਈ ਕਿਸੇ ਵੀ ਤਣਾਅਪੂਰਨ ਸਥਿਤੀ ਦਾ ਸਭ ਤੋਂ ਵੱਧ ਅਸਰ ਆਮ ਲੋਕਾਂ ਉੱਤੇ ਪੈਂਦਾ ਹੈ।

ਕੈਨੇਡਾ-ਇੰਡੀਆ ਫਰੈਂਡਸ਼ਿਪ ਫਾਊਂਡੇਸ਼ਨ ਵੱਲੋਂ ਉਨ੍ਹਾਂ ਦੇ ਸਨਮਾਨ ਵਿੱਚ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਸ. ਸੰਧੂ ਨੇ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਭਾਰਤ ਸਰਕਾਰ ਵੱਲੋਂ ਦੁਵੱਲੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਕੀਤੇ ਜਾ ਰਹੇ ਯਤਨ ਉਤਸ਼ਾਹਜਨਕ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿੱਚ ਉੱਚ ਪੱਧਰੀ ਦੌਰਿਆਂ ਅਤੇ ਵਧਦੇ ਸੰਵਾਦ ਨਾਲ ਦੋਵਾਂ ਦੇਸ਼ਾਂ ਦੇ ਸਮਾਜਿਕ ਅਤੇ ਵਪਾਰਕ ਰਿਸ਼ਤੇ ਹੋਰ ਮਜ਼ਬੂਤ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਕਿਸਾਨੀ, ਨੌਜਵਾਨੀ, ਵਾਤਾਵਰਣ ਅਤੇ ਪਾਣੀ ਪ੍ਰਦੂਸ਼ਣ ਵਰਗੀਆਂ ਚੁਣੌਤੀਆਂ ਦੇ ਹੱਲ ਲਈ ਸਾਂਝੇ ਉਪਰਾਲਿਆਂ ਦੀ ਲੋੜ ਹੈ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਦੇਸ਼ ਅਤੇ ਪੰਜਾਬ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ, ਸੜਕਾਂ, ਰੇਲਵੇ ਅਤੇ ਹੋਰ ਪ੍ਰੋਜੈਕਟਾਂ ਲਈ ਕੀਤੇ ਗਏ ਨਿਵੇਸ਼ ਦਾ ਵੀ ਜ਼ਿਕਰ ਕੀਤਾ।




ਸਮਾਗਮ ਦੌਰਾਨ ਕੈਨੇਡਾ ਤੋਂ ਪੰਜਾਬ ਲਈ ਸਿੱਧੀਆਂ ਉਡਾਣਾਂ ਦੀ ਮੰਗ ਵੀ ਉਠਾਈ ਗਈ। ਜਗਰੂਪ ਸਿੰਘ ਖੇੜਾ ਵੱਲੋਂ ਇਸ ਸਬੰਧੀ ਸੌਂਪੇ ਮੰਗ ਪੱਤਰ ਨੂੰ ਸਵੀਕਾਰ ਕਰਦਿਆਂ ਸੰਧੂ ਨੇ ਭਰੋਸਾ ਦਿੱਤਾ ਕਿ ਉਹ ਇਹ ਮੰਗ ਭਾਰਤ ਦੇ ਪ੍ਰਧਾਨ ਮੰਤਰੀ ਤੱਕ ਪਹੁੰਚਾਉਣਗੇ ਅਤੇ ਇਸ ਮਾਮਲੇ ਦੇ ਹੱਲ ਲਈ ਯਤਨ ਕਰਨਗੇ।

ਇਸ ਤੋਂ ਪਹਿਲਾਂ ਕੈਨੇਡਾ-ਇੰਡੀਆ ਫਰੈਂਡਸ਼ਿਪ ਫਾਊਂਡੇਸ਼ਨ ਦੇ ਪ੍ਰਧਾਨ ਮਨਿੰਦਰ ਸਿੰਘ ਗਿੱਲ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਭਾਰਤ-ਕੈਨੇਡਾ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ। ਸਾਬਕਾ ਮੰਤਰੀ ਡਾ. ਗੁਲਜ਼ਾਰ ਸਿੰਘ ਚੀਮਾ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਤਾਜ਼ਾ ਸਿਆਸੀ ਘਟਨਾਕ੍ਰਮ ਸਹੀ ਦਿਸ਼ਾ ਵੱਲ ਕਦਮ ਹੈ ਅਤੇ ਪਰਵਾਸੀ ਪੰਜਾਬੀ ਭਾਰਤ ਅਤੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਦੇ ਹਮੇਸ਼ਾ ਹਮਾਇਤੀ ਰਹੇ ਹਨ। ਹਿੰਦੂ ਮੰਦਿਰ ਕਮੇਟੀ ਵੱਲੋਂ ਵਿਨੇ ਸ਼ਰਮਾ ਨੇ ਵੀ ਭਾਰਤੀ ਭਾਈਚਾਰੇ ਦੀ ਏਕਤਾ ਅਤੇ ਭਾਰਤ ਦੀ ਤਰੱਕੀ ਲਈ ਆਪਣੀਆਂ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਐਡਵੋਕੇਟ ਲਵਲੀਨ ਸਿੰਘ ਗਿੱਲ ਨੇ ਨਿਭਾਈ।


ਸਮਾਗਮ ਦੀ ਸ਼ੁਰੂਆਤ 23 ਜੂਨ 1985 ਦੇ ਏਅਰ ਇੰਡੀਆ ਬੰਬ ਧਮਾਕੇ ਵਿੱਚ ਮਾਰੇ ਗਏ 329 ਯਾਤਰੀਆਂ ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕਰਨ ਨਾਲ ਹੋਈ। ਇਸ ਮੌਕੇ ਕੈਨੇਡਾ-ਇੰਡੀਆ ਫਰੈਂਡਸ਼ਿਪ ਫਾਊਂਡੇਸ਼ਨ ਵੱਲੋਂ ਸਤਨਾਮ ਸਿੰਘ ਸੰਧੂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਕੁਲਵੰਤ ਸਿੰਘ ਢੇਸੀ, ਸਾਬਕਾ ਐਮ.ਪੀ. ਗੁਰਮੰਤ ਗਰੇਵਾਲ, ਬੂਟਾ ਸਿੰਘ ਢਿੱਲੋਂ, ਹਿੰਦੂ ਮੰਦਿਰ ਕਮੇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਗੋਇਲ, ਵਨੀਤ ਅਗਰਵਾਲ, ਪਰਮਜੀਤ ਸਿੰਘ, ਹੈਰੀ ਕੂਨਰ, ਪ੍ਰੋ. ਗੁਰਦੇਵ ਸਿੰਘ, ਦਵਿੰਦਰ ਬੈਨੀਪਾਲ, ਹਰਜੀਤ ਸਿੰਘ ਗਿੱਲ, ਹਰਪ੍ਰੀਤ ਸਿੰਘ, ਪੌਲ ਵੜੈਚ, ਡਾ. ਹਾਕਮ ਭੁੱਲਰ, ਡਾ. ਜਸਵੀਰ ਰੋਮਾਣਾ, ਡਾ. ਰਮਿੰਦਰ ਸਿੰਘ ਕੰਗ, ਜੁਗਰਾਜ ਸਿੰਘ ਗਰਚਾ, ਐਡਵੋਕੇਟ ਜਗਮੋਹਣ ਸਿੰਘ, ਤ੍ਰਿਪਤ ਅਟਵਾਲ, ਨਰਿੰਦਰ ਸਿੰਘ ਖੱਖ, ਬਿੱਲਾ ਸੰਧੂ, ਹਰਪ੍ਰੀਤ ਧਾਲੀਵਾਲ, ਗੁਰਪਾਲ ਲਿੱਟ, ਕ੍ਰਿਪਾਲ ਮਾਂਗਟ, ਜੋਧਾ ਚੱਕਰ, ਸਤਵਿੰਦਰ ਸਿੰਘ ਗਾਖਲ, ਹਰਦੇਵ ਸਿੰਘ ਗਰੇਵਾਲ, ਮਨਜਿੰਦਰ ਪੰਨੂੰ, ਜਰਨੈਲ ਸਿੰਘ ਖੰਡੋਲੀ, ਸੁਖਵਿੰਦਰ ਸਿੰਘ ਚੋਹਲਾ, ਮਹੇਸ਼ਇੰਦਰ ਮਾਂਗਟ ਅਤੇ ਬਲਦੇਵ ਭੰਮ ਹਾਜ਼ਰ ਸਨ।

## ਪੀ.ਏ.ਯੂ. ਨੇ ਸਤੰਬਰ ਕਿਸਾਨ ਮੇਲੇ ਤੇ ਸਨਮਾਨ ਦੇਣ ਲਈ ਅਗਾਂਹਵਧੂ ਕਿਸਾਨਾਂ ਤੋਂ ਅਰਜ਼ੀਆਂ ਮੰਗੀਆਂ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 26 ਜੂਨ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਵੱਲੋਂ ਹਰ ਸਾਲ ਵਾਂਗ ਸਤੰਬਰ ਮਹੀਨੇ ਦੇ ਕਿਸਾਨ ਮੇਲੇ ਤੇ ਅਗਾਂਹਵਧੂ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ | ਇਸ ਵਾਰ ਵੀ ਇਹਨਾਂ ਸਨਮਾਨਾਂ ਲਈ ਪੰਜਾਬ ਦੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਤੋਂ ਅਰਜ਼ੀਆਂ ਦੀ ਮੰਗੀ ਕੀਤੀ ਗਈ ਹੈ|


ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
PUNJAB AGRICULTURAL UNIVERSITY
ਕਿਸਾਨ ਮੇਲੇ ਦੌਰਾਨ ਐਵਾਰਡ ਲੈਣ ਲਈ ਅਰਜ਼ੀ ਦੀ ਅਪੀਲ

ਹੇਠ ਲਿਖੇ ਐਵਾਰਡ ਅਗਾਂਹਵਧੂ ਕਿਸਾਨਾਂ ਨੂੰ ਸਤੰਬਰ 2026 ਦੇ ਕਿਸਾਨ ਮੇਲੇ ਦੌਰਾਨ ਦਿੱਤੇ ਜਾਣਗੇ। ਇਹ ਸਨਮਾਨ ਆਪਣੇ ਖੇਤਰ ਵਿੱਚ ਜ਼ਿਕਰਯੋਗ ਪ੍ਰਾਪਤੀਆਂ ਕਰਨ ਵਾਲੇ ਕਿਸਾਨਾਂ ਨੂੰ ਹੇਠ ਲਿਖੀ ਯੋਗਤਾ ਦੇ ਆਧਾਰ ਤੇ ਦੇਣ ਯੋਗ ਹੋਣਗੇ।

| ਲੜੀ ਨੰ: | ਸਨਮਾਨ ਦਾ ਨਾਂ | ਸਨਮਾਨ ਲਈ ਯੋਗਤਾ | ਸਨਮਾਨ ਰਾਸ਼ੀ |
|---|---|---|---|
| 1 | ਸਰਦਾਰ, ਦਲੀਪ ਸਿੰਘ ਧਾਲੀਵਾਲ ਯਾਦਗਾਰੀ ਪੁਰਸਕਾਰ | ਪੰਜਾਬ ਰਾਜ ਦੇ ਖੇਤੀਬਾੜੀ ਫਸਲਾਂ ਦੀ ਖੁਦ ਖੇਤੀ ਕਰਨ ਵਾਲੇ ਕਿਸਾਨ। | 5000/-ਰੁ: ਪ੍ਰਸ਼ੰਸਾ ਪੱਤਰ ਦੇ ਨਾਲ |
| 2 | ਪ੍ਰਵਾਸੀ ਭਾਰਤੀ ਪੁਰਸਕਾਰ | ਵਿਭਿੰਨਕ੍ਰਿਤ ਖੇਤੀ ਪ੍ਰਣਾਲੀ ਨਾਲ ਜੁੜੇ ਖੁਦ ਖੇਤੀ ਕਰਨ ਵਾਲੇ ਕਿਸਾਨ। | 8000/-ਰੁ: ਪ੍ਰਸ਼ੰਸਾ ਪੱਤਰ ਦੇ ਨਾਲ |
| 3 | ਸਰਦਾਰ, ਉਜਾਗਰ ਸਿੰਘ ਧਾਲੀਵਾਲ ਯਾਦਗਾਰੀ ਪੁਰਸਕਾਰ | ਖੁਦ ਸਬਜ਼ੀਆਂ ਦੀ ਖੇਤੀ ਕਰਨ ਵਾਲੇ ਉਹ ਕਿਸਾਨ, ਜੋ ਆਪਣੀ ਕਾਸ਼ਤਯੋਗ ਜ਼ਮੀਨ ਦੇ ਘੱਟੋ-ਘੱਟ 60% ਖੇਤਰ ਨੂੰ ਸਰਦੀ ਅਤੇ ਗਰਮੀ ਦੋਵੇਂ ਮੌਸਮਾਂ ਵਿੱਚ ਸਬਜ਼ੀਆਂ ਹੇਠ ਲਿਆਉਂਦੇ ਹਨ। | 3100/-ਰੁ: ਪ੍ਰਸ਼ੰਸਾ ਪੱਤਰ ਦੇ ਨਾਲ |
| 4 | ਸਰਦਾਰ, ਸੁਰਜੀਤ ਸਿੰਘ ਢਿੱਲੋਂ ਪੁਰਸਕਾਰ | ਖੁਦ ਖੇਤੀ ਕਰਨ ਵਾਲੇ ਛੋਟੇ ਕਿਸਾਨ (ਜਿਨ੍ਹਾਂ ਕੋਲ 5 ਏਕੜ ਤੱਕ ਜ਼ਮੀਨ ਹੈ)। | 5000/-ਰੁ: ਪ੍ਰਸ਼ੰਸਾ ਪੱਤਰ ਦੇ ਨਾਲ |
| 5 | ਸਰਦਾਰਨੀ ਜਗਬੀਰ ਕੌਰ ਗਰੇਵਾਲ ਯਾਦਗਾਰੀ ਪੁਰਸਕਾਰ | ਪੰਜਾਬ ਰਾਜ ਵਿੱਚ ਖੇਤੀਬਾੜੀ ਅਤੇ ਸਹਾਇਕ ਖੇਤੀਬਾੜੀ ਉੱਦਮਾਂ ਵਿੱਚ ਸ਼ਾਮਲ ਕਿਸਾਨ ਔਰਤਾਂ। | 3100/-ਰੁ: ਪ੍ਰਸ਼ੰਸਾ ਪੱਤਰ ਦੇ ਨਾਲ |
| 6 | ਭਾਈ ਬਾਬੂ ਸਿੰਘ ਬਰਾੜ ਸਰਵੋਤਮ ਛੱਪੜ ਪੁਰਸਕਾਰ | ਤਲਾਬ ਦਾ ਘੱਟੋ- ਘੱਟ ਖੇਤਰਫਲ 2 ਕਨਾਲ ਅਤੇ ਗਹਿਰਾਈ 4 ਫੁੱਟ ਹੋਣੀ ਚਾਹੀਦੀ ਹੈ। ਇਨਾਮ ਪਾਣੀ ਦੀ ਸਫ਼ਾਈ, ਤਲਾਬ ਦੇ ਪ੍ਰਬੰਧਨ ਅਤੇ ਪਾਣੀ ਦੇ ਵੱਖ-ਵੱਖ ਉਦੇਸ਼ਾਂ ਲਈ ਉਪਯੋਗ ਦੇ ਆਧਾਰ ਤੇ ਦਿੱਤਾ ਜਾਵੇਗਾ। | 20,000/-ਰੁ: ਪ੍ਰਸ਼ੰਸਾ ਪੱਤਰ ਦੇ ਨਾਲ (ਆਪਣੇ-ਆਪਣੇ ਪਿੰਡ/ਕਸਬੇ ਵਿੱਚ ਸਭ ਤੋਂ ਵਧੀਆ ਛੱਪੜ ਦੀ ਸੰਭਾਲ ਕਰਨ ਵਾਲੀ ਪੰਚਾਇਤ/ਕਸਬੇ ਲਈ ਇਨਾਮ ਦੀ ਸਥਾਪਨਾ ਕੀਤੀ ਗਈ ਹੈ) |

ਆਪ ਜੀ ਜ਼ਿਲਾ ਪੱਧਰ ਤੇ ਕਿਸਾਨਾਂ ਨਾਲ ਨਜ਼ਦੀਕੀ ਜਾਣਕਾਰੀ ਰੱਖਦੇ ਹੋਣ ਦੇ ਨਾਤੇ ਉਪਰੋਕਤ ਇਨਾਮਾਂ ਵਾਸਤੇ ਯੋਗ ਕਿਸਾਨਾਂ ਦੇ ਨਾਵਾਂ ਦੀ ਤਜਵੀਜ਼ ਭੇਜਣ ਦੀ ਖੇਚਲ ਕਰੋ। ਇਨਾਮਾਂ ਲਈ ਅਰਜ਼ੀਆਂ ਭੇਜਣ ਦੀ ਆਖ਼ਰੀ ਮਿਤੀ 30-06-2026 ਹੈ। ਆਸ ਹੈ ਆਪ ਜੀ ਅਰਜ਼ੀਆਂ ਨੂੰ ਸਹੀ ਤਰਤੀਬ ਵਿੱਚ ਭੇਜਣ ਲਈ ਸਹਿਯੋਗ ਕਰੋਗੇ। ਹਰ ਇਨਾਮ ਲਈ ਵੱਖਰੀ ਅਰਜ਼ੀ ਭੇਜੀ ਜਾਵੇ। ਇੱਕ ਵਾਰ ਮੁੱਖ ਮੰਤਰੀ ਪੁਰਸਕਾਰ ਜਿੱਤਣ ਵਾਲਾ ਕਿਸਾਨ ਕਿਸੇ ਹੋਰ ਬਰਾਬਰ ਦੇ ਜਾਂ ਹੇਠਲੇ ਇਨਾਮ ਲਈ ਬਿਨੈਪੱਤਰ ਦੇਣ ਦੇ ਯੋਗ ਨਹੀਂ ਹੋਵੇਗਾ।

ਆਖਰੀ ਤਰੀਕ : 30-6-2026

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੀ.ਏ.ਯੂ ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਦੱਸਿਆ ਕਿ ਇਹਨਾਂ ਇਨਾਮਾਂ ਵਿੱਚ ਸ. ਦਲੀਪ ਸਿੰਘ ਧਾਲੀਵਾਲ ਪੁਰਸਕਾਰ ਪ੍ਰਮੁੱਖ ਹੈ ਇਹ ਪੁਰਸਕਾਰ ਪੰਜਾਬ ਦੇ ਉਹਨਾਂ ਕਿਸਾਨਾਂ ਨੂੰ ਦਿੱਤਾ ਜਾਵੇਗਾ ਜੋ ਆਪਣੇ ਖੇਤਾਂ ਵਿੱਚ ਖੁਦ ਫ਼ਸਲਾਂ ਉਗਾਉਂਦੇ ਹਨ| ਇਸ ਪੁਰਸਕਾਰ ਵਿੱਚ ਪੰਜ ਹਜ਼ਾਰ ਰੁਪਏ ਦੀ ਰਾਸ਼ੀ ਤੋਂ ਇਲਾਵਾ ਸਨਮਾਨ ਪੱਤਰ ਵੀ ਸ਼ਾਮਲ ਹੈ|

ਇਸੇ ਤਰ੍ਹਾਂ ਪਰਵਾਸੀ ਭਾਰਤੀ ਪੁਰਸਕਾਰ ਵੰਨ-ਸਵੰਨੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਦਿੱਤਾ ਜਾਵੇਗਾ| ਇਸ ਪੁਰਸਕਾਰ ਵਿੱਚ ਅੱਠ ਹਜ਼ਾਰ ਰੁਪਏ ਦੀ ਧਨ ਰਾਸ਼ੀ ਤੋਂ ਇਲਾਵਾ ਸ਼ਲਾਘਾ ਪੱਤਰ ਵੀ ਦਿੱਤਾ ਜਾਂਦਾ ਹੈ |

ਸ. ਉਜਾਗਰ ਸਿੰਘ ਧਾਲੀਵਾਲ ਯਾਦਗਾਰੀ ਪੁਰਸਕਾਰ ਉਨ੍ਹਾਂ ਕਿਸਾਨਾਂ ਨੂੰ ਦਿੱਤਾ ਜਾਵੇਗਾ ਜਿਹੜੇ ਆਪਣੀ ਕੁੱਲ ਜ਼ਮੀਨ ਵਿੱਚੋਂ ਘੱਟੋ ਘੱਟ 60 ਫੀਸਦੀ ਰਕਬੇ ‘ਤੇ ਸਬਜ਼ੀਆਂ ਬੀਜਦੇ ਹਨ| ਇਸ ਪੁਰਸਕਾਰ ਵਿੱਚ 3100/- ਰੁਪਏ ਦੀ ਧਨ ਰਾਸ਼ੀ ਤੋਂ ਇਲਾਵਾ ਸ਼ਲਾਘਾ ਪੱਤਰ ਵੀ ਦਿੱਤਾ ਜਾਵੇਗਾ |

ਸ. ਸੁਰਜੀਤ ਸਿੰਘ ਢਿੱਲੋਂ ਪੁਰਸਕਾਰ ਪੰਜ ਏਕੜ ਤੱਕ ਦੀ ਮਾਲਕੀ ਵਾਲੇ ਅਗਾਂਹਵਧੂ ਕਿਸਾਨਾਂ ਨੂੰ ਦਿੱਤਾ ਜਾਵੇਗਾ ਜੋ ਖੁਦ ਖੇਤੀ ਕਰਦੇ ਹੋਣ| ਇਸ ਸਨਮਾਨ ਦੀ ਰਾਸ਼ੀ ਪੰਜ ਹਜ਼ਾਰ ਰੁਪਏ ਹੋਵੇਗੀ |

ਸਰਦਾਰਨੀ ਜਗਬੀਰ ਕੌਰ ਮੈਮੋਰੀਅਲ ਇੰਨੋਵੇਟਿਵ ਵੂਮੈਨ ਫਾਰਮਰ ਐਵਾਰਡ ਸਿਰਫ਼ ਅਗਾਂਹਵਧੂ ਕਿਸਾਨ ਬੀਬੀਆਂ ਲਈ ਹੀ ਰਾਖਵਾਂ ਹੈ ਜੋ ਖੇਤੀ ਅਤੇ ਉਸ ਨਾਲ ਸੰਬੰਧਤ ਕਾਰੋਬਾਰ ਨਾਲ ਜੁੜੀਆਂ ਹੋਣ | ਇਸ ਵਿੱਚ ਕਿਸਾਨ ਬੀਬੀ ਨੂੰ 3100/- ਰੁਪਏ ਦੀ ਰਾਸ਼ੀ ਤੋਂ ਇਲਾਵਾ ਸਨਮਾਨ ਚਿੰਨ੍ਹ ਅਤੇ ਸ਼ਲਾਘਾ ਪੱਤਰ ਦਿੱਤਾ ਜਾਵੇਗਾ |

ਇਸ ਤੋਂ ਇਲਾਵਾ ਭਾਈ ਬਾਬੂ ਸਿੰਘ ਬਰਾੜ ਬੈਸਟ ਪੌਂਡ ਐਵਾਰਡ ਦਿੱਤਾ ਜਾਵੇਗਾ| ਇਸਦੀ ਰਾਸ਼ੀ 20,000 ਰੁਪਏ ਅਤੇ ਸਨਮਾਨ ਚਿੰਨ ਹੈ | ਇਸਦੀ ਲਾਜ਼ਮੀ ਸ਼ਰਤ ਵਿੱਚ ਘੱਟੋ ਘੱਟ 2 ਕਨਾਲ ਰਕਬੇ ਵਿੱਚ 4 ਫੁੱਟ ਡੂੰਘਾ ਛੱਪੜ ਹੋਵੇ ਜਿਸਦੀ ਸਫਾਈ ਅਤੇ ਪ੍ਰਬੰਧ ਦੁਆਰਾ ਪਾਣੀ ਦੀ ਵੱਖ-ਵੱਖ ਕੰਮਾਂ ਲਈ ਵਰਤੋਂ ਦੇ ਆਧਾਰ ਤੇ ਚੋਣ ਕੀਤੀ ਜਾਵੇਗੀ | ਇਹਨਾਂ ਸ਼ਰਤਾਂ ਤੇ ਖਰਾ ਉਤਰਨ ਵਾਲੇ ਪਿੰਡ ਜਾਂ ਕਸਬੇ ਨੂੰ ਇਹ ਇਨਾਮ ਪ੍ਰਦਾਨ ਕੀਤਾ ਜਾਵੇਗਾ |

ਇਹ ਸਾਰੇ ਪੁਰਸਕਾਰ ਸਤੰਬਰ ਮਹੀਨੇ ਹੋਣ ਵਾਲੇ ਕਿਸਾਨ ਮੇਲੇ ਵਿੱਚ ਦਿੱਤੇ ਜਾਣਗੇ| ਇਨ੍ਹਾਂ ਪੁਰਸਕਾਰਾਂ ਲਈ ਨਾਮਜ਼ਦਗੀਆਂ ਭੇਜਣ ਵਾਸਤੇ ਅਗਾਂਹਵਧੂ ਕਿਸਾਨ ਆਪੋ-ਆਪਣੇ ਜ਼ਿਲ੍ਹਿਆਂ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਉੱਪ ਨਿਰਦੇਸ਼ਕ , ਖੇਤੀ ਖੋਜ ਕੇਂਦਰਾਂ ਦੇ ਨਿਰਦੇਸ਼ਕ, ਜ਼ਿਲ੍ਹਾ ਪਸਾਰ ਮਾਹਿਰਾਂ ਦੇ ਦਫ਼ਤਰ, ਮੁੱਖ ਖੇਤੀਬਾੜੀ ਅਫ਼ਸਰ, ਬਾਗਬਾਨੀ ਵਿਭਾਗ ਦੇ ਉੱਪ ਨਿਰਦੇਸ਼ਕ ਅਤੇ ਨਿਰਦੇਸ਼ਕ ਪਸਾਰ ਸਿੱਖਿਆ ਦੇ ਮੁੱਖ ਦਫ਼ਤਰ, ਪੀ.ਏ.ਯੂ. ਲੁਧਿਆਣਾ ਤੋਂ ਨਿਸ਼ਚਤ ਫਾਰਮ ਹਾਸਲ ਕਰ ਸਕਦੇ ਹਨ | ਇਹ ਫਾਰਮ ਭਰਨ ਉਪਰੰਤ 30 ਜੂਨ, 2026 ਤੱਕ ਨਿਰਦੇਸ਼ਕ ਪਸਾਰ ਸਿੱਖਿਆ, ਲੁਧਿਆਣਾ ਦੇ ਮੁੱਖ ਦਫ਼ਤਰ ਤੱਕ ਪਹੁੰਚਾਉਣੇ ਜ਼ਰੂਰੀ ਹਨ | ਡਾ. ਮੱਖਣ ਸਿੰਘ ਭੁੱਲਰ ਨੇ ਇਹ ਵੀ ਦੱਸਿਆ ਕਿ ਹਰ ਪੁਰਸਕਾਰ ਲਈ ਵੱਖਰੀ-ਵੱਖਰੀ ਅਰਜ਼ੀ ਪ੍ਰਵਾਨ ਕੀਤੀ ਜਾਵੇਗੀ | ਇਸ ਸੰਬੰਧੀ ਵਧੇਰੇ ਜਾਣਕਾਰੀ ਲਈ ਨਿਰਦੇਸ਼ਕ ਪਸਾਰ ਸਿੱਖਿਆ ਦੇ ਦਫ਼ਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ |

## ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦੇ ਮੈਂਬਰਾਂ ਨੇ ਐਲਿਸ ਲੇਕ ਸਕਾਮਿਸ਼ ਵਿਖੇ ਯਾਦਗਾਰੀ ਪਿਕਨਿਕ ਟੂਰ ਲਾਇਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 26 ਜੂਨ : ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਸਾਲ 2026 ਦਾ ਤੀਜਾ ਪਿਕਨਿਕ ਟੂਰ ਸੁੰਦਰ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਐਲਿਸ ਲੇਕ ਸਕਾਮਿਸ਼ ਵਿਖੇ ਲਾਇਆ ਗਿਆ। ਇਸ ਮਨੋਰੰਜਕ ਅਤੇ ਯਾਦਗਾਰੀ ਯਾਤਰਾ ਦੌਰਾਨ ਸੀਨੀਅਰ ਮੈਂਬਰਾਂ ਨੇ ਕੁਦਰਤ ਦੀ ਗੋਦ ਵਿੱਚ ਖੁਸ਼ਗਵਾਰ ਪਲ ਬਿਤਾਏ ਅਤੇ ਆਪਸੀ ਸਾਂਝ ਤੇ ਸੱਭਿਆਚਾਰਕ ਰੰਗਾਂ ਦਾ ਭਰਪੂਰ ਆਨੰਦ ਮਾਣਿਆ। ਅਵਤਾਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਇਹ ਟੂਰ ਸਵੇਰੇ ਸੀਨੀਅਰ ਸੈਂਟਰ ਤੋਂ ਬੱਸ ਰਾਹੀਂ ਰਵਾਨਾ ਹੋਇਆ। ਰਵਾਨਗੀ ਤੋਂ ਪਹਿਲਾਂ ਸੰਸਥਾ ਦੇ ਸਕੱਤਰ ਹਰਚੰਦ ਸਿੰਘ ਗਿੱਲ ਨੇ ਸਮੂਹ ਮੈਂਬਰਾਂ ਨੂੰ ‘ਜੀ ਆਇਆਂ’ ਆਖਦਿਆਂ ਟੂਰ ਸਬੰਧੀ ਸੰਖੇਪ ਜਾਣਕਾਰੀ ਦਿੱਤੀ ਅਤੇ ਸਾਰਿਆਂ ਨੂੰ ਪਿਕਨਿਕ ਦਾ ਪੂਰਾ ਆਨੰਦ ਮਾਣਨ ਲਈ ਆਪਸੀ ਸਹਿਯੋਗ ਦੀ ਅਪੀਲ ਕੀਤੀ।

ਪਹਾੜਾਂ ਅਤੇ ਹਰਿਆਲੀ ਨਾਲ ਸਜੇ ਮਨਮੋਹਕ ਰਸਤੇ ਦਾ ਲੁਤਫ਼ ਲੈਂਦਿਆਂ ਸੀਨੀਅਰ ਮੈਂਬਰ ਪਹਿਲਾਂ ਸ਼ੈਨਨ ਫਾਲਜ਼ ਪ੍ਰੋਵਿੰਸ਼ਲ ਪਾਰਕ ਪਹੁੰਚੇ, ਜਿੱਥੇ ਉਨ੍ਹਾਂ ਨੇ ਝਰਨਿਆਂ ਦੇ ਦਿਲਕਸ਼ ਨਜ਼ਾਰਿਆਂ ਦਾ ਆਨੰਦ ਮਾਣਿਆ ਅਤੇ ਯਾਦਗਾਰੀ ਤਸਵੀਰਾਂ ਖਿੱਚਵਾਈਆਂ। ਇਸ ਉਪਰੰਤ ਸਾਰੇ ਮੈਂਬਰ ਐਲਿਸ ਲੇਕ ਪ੍ਰੋਵਿੰਸ਼ਲ ਪਾਰਕ ਪਹੁੰਚੇ, ਜਿੱਥੇ ਕੁਦਰਤ ਦੀ ਸ਼ਾਂਤਮਈ ਫ਼ਿਜ਼ਾ ਨੇ ਸਭ ਦਾ ਮਨ ਮੋਹ ਲਿਆ।

ਪਾਰਕ ਵਿੱਚ ਸਜਾਈ ਕਾਵਿ-ਮਹਿਫ਼ਲ ਇਸ ਪਿਕਨਿਕ ਦਾ ਖ਼ਾਸ ਆਕਰਸ਼ਣ ਰਹੀ। ਸ਼ਾਇਰੀ ਅਤੇ ਸਾਹਿਤ ਨਾਲ ਪ੍ਰੇਮ ਕਰਨ ਵਾਲੇ ਮੈਂਬਰਾਂ ਨੇ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਰਾਹੀਂ ਰੰਗਾਰੰਗ ਮਾਹੌਲ ਸਿਰਜ ਦਿੱਤਾ। ਇਸ ਮਹਿਫ਼ਲ ਦੀ ਸ਼ੁਰੂਆਤ ਜਗੀਰ ਸਿੰਘ ਲਾਲੀ ਨੇ ਕੀਤੀ। ਉਪਰੰਤ ਮਨਜੀਤ ਸਿੰਘ ਮੱਲ੍ਹਾ, ਬੇਅੰਤ ਸਿੰਘ ਢਿੱਲੋਂ, ਗੁਰਮੇਲ ਸਿੰਘ ਧਾਲੀਵਾਲ ਅਤੇ ਹਰਚੰਦ ਸਿੰਘ ਗਿੱਲ ਨੇ ਆਪਣੀਆਂ ਰਚਨਾਵਾਂ ਅਤੇ ਪੇਸ਼ਕਾਰੀਆਂ ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਮਨਜੀਤ ਸਿੰਘ ਮੱਲ੍ਹਾ ਨੇ ਪ੍ਰਸਿੱਧ ਸ਼ਾਇਰ ਜਸਵਿੰਦਰ ਅਤੇ ਹਰਦਮ ਮਾਨ ਦੀਆਂ ਗ਼ਜ਼ਲਾਂ ਨੂੰ ਆਪਣੀ ਸੁਰੀਲੀ ਆਵਾਜ਼ ਵਿੱਚ ਪੇਸ਼ ਕਰਕੇ ਖ਼ੂਬ ਵਾਹ-ਵਾਹ ਖੱਟੀ। ਸਮੁੱਚੀ ਮਹਿਫ਼ਲ ਦਾ ਸੁਚੱਜਾ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਕੀਤਾ।

ਟੂਰ ਨੂੰ ਸਫਲ ਬਣਾਉਣ ਵਿੱਚ ਬਲਦੇਵ ਸਿੰਘ ਬੀਰੀਆ, ਸੁਸ਼ੀਲ ਚੌਧਰੀ, ਬਲਬੀਰ ਸਿੰਘ ਗਰਚਾ ਅਤੇ ਗੁਰਜੀਵਨ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ ਅਤੇ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਇਆ। ਸ਼ਾਮ ਵੇਲੇ ਐਲਿਸ ਲੇਕ ਪ੍ਰੋਵਿੰਸ਼ਲ ਪਾਰਕ ਤੋਂ ਵਾਪਸੀ ਲਈ ਰਵਾਨਾ ਹੋ ਕੇ ਸਾਰੇ ਸੀਨੀਅਰ ਮੈਂਬਰ ਸੁਖਦ ਯਾਦਾਂ ਨਾਲ ਭਰਪੂਰ ਮਨਾਂ ਨਾਲ ਸਰੀ ਸਥਿਤ ਸੀਨੀਅਰ ਸੈਂਟਰ ਪਹੁੰਚੇ। ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਟੂਰ ਨੂੰ ਸਫਲ ਬਣਾਉਣ ਲਈ ਸਮੂਹ ਮੈਂਬਰਾਂ, ਪ੍ਰਬੰਧਕਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ।

## ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਤੱਕ ਸਰਕਾਰੀ ਭਲਾਈ ਸਕੀਮਾਂ ਦੀ ਪੂਰੀ ਪਹੁੰਚ ਯਕੀਨੀ ਬਣਾਈ ਜਾਵੇ: ਮਲਕੀਤ ਥਿੰਦ

### *ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਵੱਲੋਂ ਬੱਚਤ ਭਵਨ ਲੁਧਿਆਣਾ ਵਿਖੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਉੱਚ ਅਧਿਕਾਰੀਆਂ ਨਾਲ ਕੀਤੀ ਸਮੀਖਿਆ ਮੀਟਿੰਗ*

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 26 ਜੂਨ : ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਮਲਕੀਤ ਥਿੰਦ ਨੇ ਵੀਰਵਾਰ ਨੂੰ ਸਥਾਨਕ ਬੱਚਤ ਭਵਨ ਵਿਖੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਉੱਚ ਅਧਿਕਾਰੀਆਂ ਨਾਲ ਇੱਕ ਵਿਸਤ੍ਰਿਤ ਸਮੀਖਿਆ ਮੀਟਿੰਗ ਕੀਤੀ। ਇਸ ਮੀਟਿੰਗ ਦਾ ਮੁੱਖ ਉਦੇਸ਼ ਬੀ.ਸੀ. (ਪੱਛੜੀਆਂ ਸ਼੍ਰੇਣੀਆਂ) ਸਮਾਜ ਨਾਲ ਸਬੰਧਤ ਲੋਕਾਂ ਦੀ ਸਮਾਜਿਕ ਅਤੇ ਆਰਥਿਕ ਤਰੱਕੀ ਲਈ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਨੂੰ ਜ਼ਮੀਨੀ ਪੱਧਰ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤੇ ਜਾਣ ਦੀ ਸਮੀਖਿਆ ਕਰਨਾ ਸੀ।



ਮੀਟਿੰਗ ਦੌਰਾਨ ਚੇਅਰਮੈਨ ਸ੍ਰੀ ਮਲਕੀਤ ਥਿੰਦ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਅਸਲ ਮਕਸਦ ਤਦ ਹੀ ਪੂਰਾ ਹੁੰਦਾ ਹੈ ਜਦੋਂ ਹਰ ਯੋਗ ਵਿਅਕਤੀ ਤੱਕ ਇਹਨਾਂ ਦਾ ਲਾਭ ਪਹੁੰਚਦਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬੀ.ਸੀ. ਵਰਗ ਨਾਲ ਸਬੰਧਤ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਬਣਦਾ ਅਤੇ ਸਮੇਂ-ਸਿਰ ਲਾਭ ਦਿੱਤਾ ਜਾਵੇ।

ਚੇਅਰਮੈਨ ਨੇ ਵੱਖ-ਵੱਖ ਵਿਭਾਗਾਂ ਵੱਲੋਂ ਹੁਣ ਤਕ ਸਰਕਾਰੀ ਸਕੀਮਾਂ ਦੇ ਤਹਿਤ ਦਿੱਤੇ ਗਏ ਲਾਭਾਂ ਦੀ ਵਿਸਤ੍ਰਿਤ ਜਾਣਕਾਰੀ ਹਾਸਲ ਕੀਤੀ ਅਤੇ ਅੰਕੜਿਆਂ ਦੇ ਆਧਾਰ ’ਤੇ ਸਮੀਖਿਆ ਕੀਤੀ। ਇਸ ਦੌਰਾਨ ਉਨ੍ਹਾਂ ਨੇ ਕਈ ਥਾਵਾਂ ’ਤੇ ਉਜਾਗਰ ਹੋਈਆਂ ਕਮੀਆਂ ਸਬੰਧੀ ਅਧਿਕਾਰੀਆਂ ਨੂੰ ਇਹਨਾਂ ਨੂੰ ਤੁਰੰਤ ਦੂਰ ਕਰਨ ਦੇ ਸਪਸ਼ਟ ਨਿਰਦੇਸ਼ ਦਿੱਤੇ।

ਮੀਟਿੰਗ ਦੌਰਾਨ ਚੇਅਰਮੈਨ ਸ੍ਰੀ ਮਲਕੀਤ ਥਿੰਦ ਨੇ ਬੀ.ਸੀ. ਸਮਾਜ ਦੇ ਲੋਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਸਿੱਧਾ ਸੰਵਾਦ ਵੀ ਕੀਤਾ। ਉਨ੍ਹਾਂ ਨੇ ਲੋਕਾਂ ਦੀਆਂ ਮੁਸ਼ਕਲਾਂ, ਸ਼ਿਕਾਇਤਾਂ ਅਤੇ ਸੁਝਾਵ ਧਿਆਨ ਨਾਲ ਸੁਣੇ। ਕਈ ਮਾਮਲਿਆਂ ਦਾ ਮੌਕੇ ’ਤੇ ਹੀ ਨਿਪਟਾਰਾ ਕੀਤਾ ਗਿਆ, ਜਦਕਿ ਬਾਕੀ ਮਾਮਲਿਆਂ ਨੂੰ ਨਿਰਧਾਰਤ ਸਮੇਂ ਅੰਦਰ ਹੱਲ ਕਰਨ ਲਈ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਵੀ ਆਖਿਆ ਕਿ ਭਲਾਈ ਸਕੀਮਾਂ ਸਬੰਧੀ ਜਾਣਕਾਰੀ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਵਿਆਪਕ ਤੌਰ ’ਤੇ ਫੈਲਾਈ ਜਾਵੇ ਤਾਂ ਜੋ ਬੀ.ਸੀ. ਸਮਾਜ ਦਾ ਹਰ ਵਰਗ ਇਨ੍ਹਾਂ ਸਕੀਮਾਂ ਬਾਰੇ ਜਾਣੂ ਹੋ ਸਕੇ ਅਤੇ ਬਿਨਾਂ ਕਿਸੇ ਦਫ਼ਤਰੀ ਔਖਿਆਈ ਦੇ ਲਾਭ ਪ੍ਰਾਪਤ ਕਰ ਸਕੇ।

ਇਸ ਮੌਕੇ ਮੁੱਖ ਮੰਤਰੀ ਫੀਲਡ ਅਫਸਰ ਲੁਧਿਆਣਾ ਤੁਸ਼ਿਤਾ ਗੁਲਾਟੀ ਨੇ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਰੀਆਂ ਭਲਾਈ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇਗਾ।

ਇਸ ਮੀਟਿੰਗ ਵਿੱਚ ਚੇਅਰਮੈਨ ਮਾਰਕੀਟ ਕਮੇਟੀ ਸਾਹਨੇਵਾਲ ਹੇਮਰਾਜ ਰਾਜੀ, ਮੁੱਖ ਮੰਤਰੀ ਫੀਲਡ ਅਫਸਰ ਲੁਧਿਆਣਾ ਤੁਸ਼ਿਤਾ ਗੁਲਾਟੀ, ਜ਼ਿਲ੍ਹਾ ਮਾਲ ਅਫ਼ਸਰ ਪ੍ਰਦੀਪ ਕੁਮਾਰ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਹਰਪਾਲ ਸਿੰਘ ਗਿੱਲ ਤੋਂ ਇਲਾਵਾ ਸਿਵਲ ਅਤੇ ਪੁਲਿਸ ਪ੍ਰਸ਼ਾਸ਼ਨ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰ ਅਤੇ ਬੀ.ਸੀ. ਸਮਾਜ ਦੇ ਵੱਡੀ ਗਿਣਤੀ ਵਿੱਚ ਨੁਮਾਇੰਦਿਆਂ ਨੇ ਭਾਗ ਲਿਆ।

## ਲਹਿੰਦੇ ਪੰਜਾਬ ਦੀ ਜ਼ਹੀਨ ਸ਼ਾਇਰਾ : ਬੁਸ਼ਰਾ ਐਜਾਜ਼

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਬੁਸ਼ਰਾ ਐਜਾਜ਼ ਲਾਹੌਰ (ਪਾਕਿਸਤਾਨ ਵੱਸਦੀ ਉੱਘੀ ਪੰਜਾਬੀ ਤੇ ਉਰਦੂ ਕਵਿੱਤਰੀ ਤੇ ਕਹਾਣੀਕਾਰ ਤਾਂ ਹੈ ਹੀ, ਉਹ ਵੱਖ ਵੱਖ ਮਸਲਿਆਂ ਤੇ ਅਖ਼ਬਾਰੀ ਕਾਲਮ ਵੀ ਲਿਖਦੀ ਹੈ।

ਬੁਸ਼ਰਾ ਐਜਾਜ਼ ਦਾ ਜਨਮ 18ਜੂਨ 1959 ਨੂੰ ਸਰਗੋਧਾ ਜ਼ਿਲ੍ਹੇ ਦੇ ਪਿੰਡ ਕੋਟ ਫ਼ਜ਼ਲ ਅਹਿਮਦ ਵਿਖੇ ਮੀਆਂ ਨਵਾਜ਼ਿਸ਼ ਅਲੀ ਦੇ ਘਰ ਹੋਇਆ।

ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਰੈਜੂਏਸ਼ਨ ਕਰਨ ਉਪਰੰਤ ਉਸ ਦੀ ਸ਼ਾਦੀ ਚੌਧਰੀ ਐਜਾਜ਼ ਅਹਿਮਦ ਨਾਲ ਹੋ ਗਈ ਜਿਸ ਉਪਰੰਤ ਉਹ 184 ਏ, ਡੀ ਐੱਚ ਏ ਲਾਹੌਰ ਛਾਉਣੀ ਵਿਖੇ ਪਰਿਵਾਰ ਸਮੇਤ ਵੱਸਦੀ ਹੈ।

ਬੁਸ਼ਰਾ ਐਜਾਜ਼ ਦੀ ਪਹਿਲੀ ਲਿਖਤ ਸਫ਼ਰਨਾਮਾ ਰੂਪ ਵਿੱਚ 1987 ਵਿੱਚ ਅਰਜ਼ ਏ ਹਾਲ ਨਾਮ ਹੇਠ ਬੁਸ਼ਰਾ ਐਜਾਜ਼ ਪਬਲੀਕੇਸ਼ਨ ਵੱਲੋਂ ਛਪੀ ਸੀ। ਇਸ ਦਾ ਦੂਜਾ ਐਡੀਸ਼ਨ ਪ੍ਰਸਿੱਧ ਪ੍ਰਕਾਸ਼ਨ ਅਦਾਰੇ "ਸੰਗ ਏ ਮੀਲ" ਲਾਹੌਰ ਨੇ 1995ਵਿੱਚ ਛਾਪਿਆ। ਕਹਾਣੀ ਸੰਗ੍ਰਹਿ "ਬਾਰਾਂ ਆਨੇ ਕੀ ਔਰਤ" ਸੰਗ ਏ ਮੀਲ ਵੱਲੋਂ ਹੀ 1994 ਵਿੱਚ ਪ੍ਰਕਾਸ਼ਿਤ ਹੋ ਚੁਕਾ ਸੀ। ਸਾਲ 2000 ਵਿੱਚ ਉਸ ਦਾ ਸਫ਼ਰਨਾਮਾ "ਆਂਖੇਂ ਦੇਖਤੀ ਰਹਿਤੀ ਹੈ" ਅਲ ਹਮਦ ਪਬਲੀਕੇਸ਼ਨ ਲਾਹੌਰ ਨੇ ਛਾਪਿਆ ਜਦ ਕਿ ਜੀਵਨੀ "ਰਾਹ ਨਵਾਰਦ ਏ ਸ਼ੌਕ" ਸਾਰੰਗ ਪਬਲੀਕੇਸ਼ਨ ਲਾਹੌਰ ਨੇ ਛਾਪੀ। ਕਹਾਣੀਆਂ ਦੀ ਕਿਤਾਬ "ਆਜ ਕੀ ਸ਼ਹਿਰਜ਼ਾਦ" ਅਲ ਹਮਦ ਪਬਲੀਕੇਸ਼ਨ ਲਾਹੌਰ ਨੇ 2005ਵਿੱਚ ਛਾਪੀ।

ਬੁਸ਼ਰਾ ਐਜਾਜ਼ ਦੀ ਪੰਜਾਬੀ ਵਿੱਚ ਪਹਿਲੀ ਕਿਤਾਬ "ਪੱਬਾਂ ਭਾਰ" ਸ਼ਾਹਮੁਖੀ ਵਿੱਚ ਸੰਗ ਏ ਮੀਲ ਲਾਹੌਰ ਨੇ 1994 ਵਿੱਚ ਛਾਪੀ ਅਤੇ ਗੁਰਮੁਖੀ ਵਿੱਚ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ 2005 ਵਿੱਚ ਛਾਪੀ। ਕਾਵਿ ਸੰਗ੍ਰਹਿ "ਭੁਲੇਖਾ" ਅਲ ਹਮਦ ਪਬਲੀਕੇਸ਼ਨ ਲਾਹੌਰ ਨੇ 1994 ਵਿੱਚ ਅਤੇ ਲੋਕਗੀਤ ਪ੍ਰਕਾਸ਼ਨ ਨੇ 2005 ਵਿੱਚ ਗੁਰਮੁਖੀ ਵਿੱਚ ਪ੍ਰਕਾਸ਼ਿਤ ਕੀਤੀ।

ਉਸ ਦਾ ਇੱਕ ਕਾਵਿ ਸੰਗ੍ਰਹਿ "ਖ਼੍ਵਾਬ ਤੋਂ ਜ਼ਰਾ ਪਹਿਲਾਂ" ਡਾ. ਮੁਹੰਮਦ ਇਦਰੀਸ ਨੇ ਲਿਪੀਅੰਤਰ ਕਰਕੇ ਲੋਕਗੀਤ ਪ੍ਰਕਾਸ਼ਨ ਤੋਂ ਛਪਵਾਇਆ।

ਬੁਸ਼ਰਾ ਐਜਾਜ਼ ਦੇ ਕਹਾਣੀ ਸੰਗ੍ਰਹਿ "ਅੱਜ ਦੀ ਸ਼ਹਿਰਜ਼ਾਦ" 2005 ਵਿੱਚ ਅਤੇ "ਕਾਤਰਾਂ ਤੋਂ ਬਣੀ ਔਰਤ" 2006 ਵਿੱਚ ਲੋਕਗੀਤ ਵੱਲੋਂ ਛਪੀ।

ਉਸ ਦਾ ਸਫ਼ਰਨਾਮਾ "ਮੇਰੀ ਹੱਜ ਯਾਤਰਾ ਨੈਸ਼ਨਲ ਬੁੱਕ ਸ਼ਾਪ ਨਵੀਂ ਦਿੱਲੀ ਨੇ ਪ੍ਰਕਾਸ਼ਿਤ ਕੀਤੀ।

ਬੁਸ਼ਰਾ ਐਜਾਜ਼ ਦੀਆਂ ਅਣਛਪੀਆਂ ਕਿਤਾਬਾਂ ਦੀ ਸੂਚੀ ਵਿੱਚ ਨਾਵਲ "ਕਾਂਗ", ਨਾਵਲਿਟ "ਇਮਾਨ ਦੀ ਕਹਾਣੀ" ਤੇ "ਰੂਹਾਨੀ ਰਾਹਾਂ ਦਾ ਮੁਸਾਫਿਰ" ਸ਼ਾਮਿਲ ਹਨ।

ਬੁਸ਼ਰਾ ਐਜਾਜ਼ ਦੇਸ਼ ਬਦੇਸ਼ ਦੀਆਂ ਕਈ ਸੰਸਥਾਵਾਂ ਵੱਲੋਂ ਬੁਲਾਵੇ ਤੇ ਪਰਦੇਸ ਯਾਤਰਾ ਕਰ ਚੁਕੀ ਹੈ। ਉਹ ਪੰਜਾਬ ਆਰਟਸ ਕੌਂਸਲ ਲਾਹੌਰ ਦੀ ਲੰਮਾ ਸਮਾਂ ਬੋਰਡ ਆਫ਼ ਗਵਰਨਰਜ਼ ਦੀ ਮੈਂਬਰ ਰਹੀ ਹੈ। 1989 ਵਿੱਚ ਉਹ ਪਹਿਲੀ ਵਾਰ ਨਵੀਂ ਦਿੱਲੀ ਵਿਖੇ ਹੋਈ ਆਲਮੀ ਉਰਦੂ ਕਾਨਫਰੰਸ ਵਿੱਚ ਸ਼ਾਮਿਲ ਹੋਣ ਆਈ। 1994 ਵਿੱਚ ਉਹ ਇੰਡੋ ਪਾਕਿ ਮੁਸ਼ਾਇਰੇ ਵਿੱਚ ਸ਼ਾਮਿਲ ਹੋਣ ਲਈ ਯਮੁਨਾ ਨਗਰ, ਚੰਡੀਗੜ੍ਹ ਤੇ ਪਟਿਆਲਾ ਵਿੱਚ ਆਈ। ਸ਼ਾਰਜਾਹ(ਡੁਬਈ) ਵਿਖੇ ਹੋਏ ਇੰਟਰਨੈਸ਼ਨਲ ਉਰਦੂ ਮੁਸ਼ਾਇਰੇ ਵਿੱਚ ਉਸਨੇ ਹਿੱਸਾ ਲੈ ਕੇ ਵਿਸ਼ਵ ਪਛਾਣ ਬਣਾਈ। ਭਾਰਤ ਵਿੱਚ ਹੋਈਆਂ ਅਨੇਕ ਕਾਨਫਰੰਸਾਂ ਵਿੱਚ ਉਹ ਡੈਲੀਗੇਟ ਵਜੋਂ ਸ਼ਾਮਿਲ ਹੋਈ।

18-20 ਫਰਵਰੀ 2006 ਨੂੰ ਪਟਿਆਲਾ ਵਿਖੇ ਕਰਵਾਏ ਪਟਿਆਲਾ ਹੈਰੀਟੇਜ ਫੈਸਟੀਵਲ ਵਿੱਚ ਉਸ ਦੀ ਸ਼ਮੂਲੀਅਤ ਬਹੁਤ ਮਹੱਤਵ ਪੂਰਨ ਸੀ ਕਿਉਂਕਿ ਉਦੋਂ ਤੀਕ ਉਹ ਗੁਰਮੁਖੀ ਵਿੱਚ ਏਧਰ ਛਪੀਆਂ ਲਿਖਤਾਂ ਕਾਰਨ ਉਹ ਜਾਣਿਆ ਪਛਾਣਿਆ ਚਿਹਰਾ ਬਣ ਚੁਕੀ ਸੀ।

ਇਸੇ ਫੇਰੀ ਦੌਰਾਨ ਉਸਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਸਾਹਿੱਤਕਾਰ ਐਵਾਰਡ ਦਿੱਤਾ ਗਿਆ।

ਸਾਹਿਰ ਅਕਾਡਮੀ ਲੁਧਿਆਣਾ ਵੱਲੋਂ ਜਸ਼ਨੇ ਸਾਹਿਰ ਮੌਕੇ ਉਸਨੂੰ "ਅਦੀਬ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਲੋਗ ਅਦਬੀ ਮਜਲਿਸ ਲਾਹੌਰ ਵੱਲੋਂ ਉਸ ਨੂੰ ਬਰਾਏ ਹੁਸਨ ਏ ਕਾਰਕਰਦਗੀ ਐਵਾਰਡ ਵੀ ਮਿਲ ਚੁਕਾ ਹੈ।

ਸਾਲ 2022ਨੂੰ ਲਾਹੌਰ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਉਸ ਦੀ ਸੱਜਰੀ ਕਾਵਿ ਪੁਸਤਕ "ਮੈਂ ਪੂਣੀ ਕੱਤੀ ਰਾਤ ਦੀ" (ਸ਼ਾਹਮੁਖੀ ਅੱਖਰਾਂ ਵਿੱਚ)ਜਨਾਬ ਫ਼ਖ਼ਰ ਜ਼ਮਾਂ, ਡਾ. ਦੀਪਕ ਮਨਮੋਹਨ ਸਿੰਘ, ਸਹਿਜਪ੍ਰੀਤ ਸਿੰਘ ਮਾਂਗਟ ਅਤੇ ਮੈਂ ਲੋਕ ਅਰਪਨ ਕੀਤੀ। ਇਸ ਕਾਵਿ ਕਿਤਾਬ ਨੂੰ ਸਾਲ 2024 ਵਿੱਚ ਸਤੀਸ਼ ਗੁਲਾਟੀ ਨੇ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਸ. ਗੁਰਦੇਵ ਸਿੰਘ ਪੰਧੇਰ ਪਾਲੋਂ ਗੁਰਮੁਖੀ ਵਿੱਚ ਲਿਪੀਅੰਤਰ ਕਰਵਾ ਕੇ ਛਾਪਿਆ ਸੀ।

ਬੁਸ਼ਰਾ ਐਜਾਜ਼ ਦੀਆਂ ਕੁਝ ਲਿਖਤਾਂ ਨਾਲ ਤੁਸੀਂ ਵੀ ਸਾਂਝ ਪਾਉ।

ਅਸਾਂ ਤੈਨੂੰ ਨਹੀਂ ਵਿਸਾਰਿਆ



ਵੇ ਜਾਨੀਆਂ!
ਰਾਤ ਅੱਖਾਂ ਅੱਗੋਂ ਪਰਤ ਗਈ
ਵੇਲਾ ਦਰਬਾਰੋਂ ਲੰਘਿਆ
ਹੁਣ ਮੱਥਾ ਟੇਕਿਆਂ
ਸਜਦੇ ਕੀਤਿਆਂ
ਗੱਲ ਨਹੀਂ ਬਣਦੀ

ਲਾਟਾਂ ਹਿਜਰਾਂ ਵਾਲੀਆਂ ਬੁਝਦੀਆਂ ਜਾਂਦੀਆਂ
ਹਰੀਆਂ ਪੀਨਾਂ ਦੀ ਗੱਲ
ਚੜ੍ਹੀ ਚੁਬਾਰੇ
ਸੁਫ਼ਨੇ ਅੰਨ੍ਹੇ ਖੂਹ ਵਿੱਚ ਡਿੱਗੇ
ਦਿਲ ਦੀਆਂ ਟੱਕਰਾਂ
ਲੱਗੀਆਂ ਹੋਈਆਂ

ਇਸ਼ਕ ਤਵੀਤਾਂ ਦੇ ਗਲ਼ਘੋਟੂ ਪਾ ਕੇ
ਅਸੀਂ ਯਾਰ ਮਨਾਉਂਦੇ ਰਹਿ ਗਏ
ਕਿਹੜਿਆਂ ਸ਼ਗਨਾਂ ਦੇ
ਗਲ ਲੱਗ ਕੇ ਰੋਏ
ਤੇ ਕਿਹੜਿਆਂ ਦੀਆਂ
ਕਬਰਾਂ ਪੁੱਟੀਆਂ
ਮਿੱਟੀ ਪਾਓ
ਇਨ੍ਹਾਂ ਪਿੱਛੀਂ ਜਾਂਦੀ ਵਾਰੀ
ਟੁਰਦੇ ਪੈਂਡੇ
ਗੱਲ ਨਹੀਂ ਦੱਸਦੇ
ਧੂੜ ਵਜੀਦਾਂ ਵਾਲੀ ਲੈ ਕੇ
ਕਿਸੇ ਗਵਾਚੇ
ਮੁੜ ਨਹੀਂ ਆਉਂਦੇ
ਰੰਗ ਪ੍ਰੀਤਾਂ ਵਾਲੇ
ਸਿੱਕ ਜਾਂਦਿਆਂ ਮਿੱਤਰਾਂ ਦੀ
ਅਸਾਂ ਹੱਥਾਂ ਦਿਆਂ
ਵਰਕਿਆਂ ਉੱਤੇ ਖੱਟੀ
ਸਾਹਵਾਂ ਨਾਲ ਹੰਢਾਈ
ਦਿਲ ਦੇ ਖ਼ਾਨੇ
ਗਇਆਂ ਮੁਕੱਦਰਾਂ ਨਾਲ ਖੜੀਚੇ
ਬੇ-ਨਮਾਜ਼ੀਆਂ ਰੁੱਤਾਂ
ਬਿਨ ਵਿਆਹੇ ਹੰਝੂ
ਦਸ ਕਿੱਥੇ ਰੱਖੀਏ?
ਪ੍ਰਾਹੁਣਿਆਂ ਵਸਲਾਂ ਤੇ ਪਰਦੇਸੀ ਰਾਤਾਂ ਦੀ ਗੱਲ
ਮੁੱਕਦੀ ਨਾਹੀਂ
ਲਿਖਤਾਂ ਅੰਦਰ
ਸਾਰੇ ਦੁੱਖ ਕਰਾਹੁੰਦੇ ਨੇ

ਪੀੜਾਂ ਜਿੰਨੀਆਂ ਵੰਡੋ
ਜਿੰਨੀਆ ਲਿਖੋ
ਘਟਦੀਆਂ ਨੇ

ਵੇ ਜਾਨੀਆਂ ! ਅਸਾਂ ਤੇਰੇ ਨਾਂ ਦੇ ਅੱਗੇ
ਹਰਫ਼ਾਂ ਦਾ ਬੀਅ ਖਲਾਰਿਆ

ਜੇਹੇ ਵਿਹੜੇ ਇਸ਼ਕ ਦਾ ਚੰਬਾ

ਜੇਹੇ ਵਿਹੜੇ ਇਸ਼ਕ ਦਾ ਚੰਬਾ।
ਕੌਣ ਪਰੋਏਏ ਹਾਰ ਨੀ ਮਾਏ।

ਕੀਹਨੂੰ ਦਿਲ ਦੇ ਰੋਗ ਸੁਣਾਵਾਂ,
ਦੂਰ ਵੱਸਣ ਦਿਲਦਾਰ ਨੀ ਮਾਏ।

ਜਿੰਦੜੀ ਮੁੱਲ ਖ਼ਰੀਦਣ ਆਈ,
ਉਹਦਾ ਇੱਕ ਦੀਦਾਰ ਨੀ ਮਾਏ।

ਮੈਂ ਤਾਂ ਬਾਂਦੀ ਬਰਦੀ ਗੋਲੀ,
ਉਹ ਸਾਹਿਬ ਸਰਕਾਰ ਨੀ ਮਾਏ।

## ਕਿਵੇਂ ਗੰਧਲੀ ਹੋਈ ਸਾਡੀ ਸਿਆਸਤ ਤੇ ਬਣੀ ਧੰਦਾ।

ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ

ਪੰਜਾਬ ਵਿੱਚ ਵੱਖ-ਵੱਖ ਪਾਰਟੀਆਂ ਦਰਮਿਆਨ ਚੱਲ ਰਹੀ ਸਿਆਸੀ ਖਿੱਚੋਤਾਣ, ਦੋਸ਼-ਪ੍ਰਤੀਦੋਸ਼ ਅਤੇ ਬਿਆਨਬਾਜ਼ੀ ਕਾਰਨ ਸੂਬੇ ਦਾ ਸਿਆਸੀ ਮਾਹੌਲ ਲਗਾਤਾਰ ਗਰਮਾਇਆ ਹੋਇਆ ਹੈ। ਆਲੋਚਕ ਅਤੇ ਵਿਰੋਧੀ ਧਿਰਾਂ ਮੌਜੂਦਾ ਹਾਲਾਤ ਨੂੰ ਨਿਰਾਸ਼ਾਜਨਕ ਦੱਸਦੇ ਹਨ, ਜਿਸ ਨੂੰ ਆਮ ਬੋਲਚਾਲ ਵਿੱਚ 'ਰਾਜਨੀਤੀ ਦਾ ਗੰਧਲਾ ਹੋਣਾ' ਕਿਹਾ ਜਾ ਰਿਹਾ ਹੈ।ਇਸ ਸਮੇਂ ਪੰਜਾਬ ਦੀ ਰਾਜਨੀਤੀ ਵਿੱਚ ਪ੍ਰਮੁੱਖ ਤੌਰ 'ਤੇ ਹੇਠ ਲਿਖੇ ਵਿਵਾਦ ਅਤੇ ਮੁੱਦੇ ਉੱਭਰ ਕੇ ਸਾਹਮਣੇ ਆ ਰਹੇ ਹਨ:ਸੱਤਾਧਾਰੀ ਅਤੇ ਵਿਰੋਧੀ ਧਿਰਾਂ ਵਿਚਾਲੇ ਤਕਰਾਰ: ਮੁੱਖ ਮੰਤਰੀ ਦੇ ਅਸਤੀਫੇ ਅਤੇ ਵੱਖ-ਵੱਖ ਮੁੱਦਿਆਂ 'ਤੇ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵੱਲੋਂ ਲਗਾਤਾਰ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਵਿਰੋਧੀ ਧਿਰਾਂ ਲਗਾਤਾਰ ਸਰਕਾਰ ਦੀ ਕਾਰਜਪ੍ਰਣਾਲੀ 'ਤੇ ਸਵਾਲ ਉਠਾ ਰਹੀਆਂ ਹਨ।ਨਿੱਜੀ ਦੂਸ਼ਣਬਾਜ਼ੀ ਅਤੇ ਬਿਆਨਬਾਜ਼ੀ: ਨੇਤਾਵਾਂ ਵੱਲੋਂ ਮੁੱਦਿਆਂ ਦੀ ਬਜਾਏ ਨਿੱਜੀ ਹਮਲੇ ਅਤੇ ਇਲਜ਼ਾਮ ਲਗਾਉਣ ਦਾ ਰੁਝਾਨ ਵਧਿਆ ਹੈ, ਜਿਸ ਨਾਲ ਆਮ ਲੋਕਾਂ ਦਾ ਸਿਆਸੀ ਆਗੂਆਂ ਤੋਂ ਵਿਸ਼ਵਾਸ ਘੱਟ ਰਿਹਾ ਹੈ।ਕਾਨੂੰਨ ਵਿਵਸਥਾ ਅਤੇ ਭ੍ਰਿਸ਼ਟਾਚਾਰ: ਵਿਰੋਧੀ ਧਿਰਾਂ ਜਿਵੇਂ ਕਿ ਭਾਜਪਾ ਅਤੇ ਕਾਂਗਰਸ ਵੱਲੋਂ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਅਤੇ ਭ੍ਰਿਸ਼ਟਾਚਾਰ ਨੂੰ ਲੈ ਕੇ ਸਰਕਾਰ ਨੂੰ ਘੇਰਿਆ ਜਾ ਰਿਹਾ ਹੈ।ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਆਮ ਜਨਤਾ ਅਤੇ ਨੌਜਵਾਨ ਵਰਗ ਵੀ ਮੌਜੂਦਾ ਸਿਆਸੀ ਡਿੱਗ ਰਹੇ ਮਿਆਰਾਂ ਨੂੰ ਲੈ ਕੇ ਚਿੰਤਤ ਹਨ।ਨੈਤਿਕਤਾ ਦਾ ਪਤਨ: ਪਹਿਲਾਂ ਨੇਤਾ ਵਿਚਾਰਧਾਰਾ ਲਈ ਸਿਆਸਤ 'ਚ ਆਉਂਦੇ ਸਨ। ਹੁਣ ਸਿਆਸਤ ਨੂੰ "ਕਰੀਅਰ" ਤੇ "ਕਾਰੋਬਾਰ" ਸਮਝਿਆ ਜਾਂਦਾ ਹੈ। ਟਿਕਟ ਵੇਚਣ-ਖਰੀਦਣ ਤੇ ਦਲ-ਬਦਲ ਆਮ ਹੋ ਗਿਆ ਹੈ। ਸਿਧਾਂਤਾਂ ਦੀ ਥਾਂ ਸੌਦੇਬਾਜ਼ੀ ਨੇ ਲੈ ਲਈ ਹੈ। 2. ਪੈਸੇ ਤੇ ਬਾਹੂਬਲ ਦਾ ਦਬਦਬਾ: ਚੋਣਾਂ ਇੰਨੀਆਂ ਮਹਿੰਗੀਆਂ ਹੋ ਗਈਆਂ ਹਨ ਕਿ ਇਮਾਨਦਾਰ ਵਿਅਕਤੀ ਲੜ ਹੀ ਨਹੀਂ ਸਕਦਾ। ਰੇਤ, ਸ਼ਰਾਬ ਤੇ ਕੇਬਲ ਮਾਫੀਆ ਸਿਆਸੀ ਸਰਪ੍ਰਸਤੀ ਨਾਲ ਚੱਲਦੇ ਹਨ। ਇਸ ਨਾਲ ਚੰਗੇ ਲੋਕ ਸਿਆਸਤ ਤੋਂ ਦੂਰ ਹੋ ਗਏ। 3. ਜਵਾਬਦੇਹੀ ਦੀ ਘਾਟ: ਚੁਣੇ ਹੋਏ ਨੁਮਾਇੰਦੇ 5 ਸਾਲ ਬਾਅਦ ਹੀ ਲੋਕਾਂ 'ਚ ਆਉਂਦੇ ਹਨ। ਵਿਧਾਨ ਸਭਾ 'ਚ ਬਹਿਸ ਦੀ ਥਾਂ ਹੰਗਾਮਾ ਹੁੰਦਾ ਹੈ। ਜੇ ਕੋਈ ਸਵਾਲ ਪੁੱਛੇ ਤਾਂ ਉਸ ਨੂੰ "ਵਿਰੋਧੀ" ਦਾ ਠੱਪਾ ਲਗਾ ਦਿੱਤਾ ਜਾਂਦਾ ਹੈ। 4. "ਮੁਫ਼ਤ ਸਭਿਆਚਾਰ" ਤੇ ਵੋਟ ਬੈਂਕ ਸਿਆਸਤ: ਅਸਲ ਮੁੱਦੇ- ਖੇਤੀ, ਪਾਣੀ, ਨਸ਼ਾ, ਰੁਜ਼ਗਾਰ- ਪਿੱਛੇ ਰਹਿ ਗਏ। ਧਰਮ ਤੇ ਜਾਤ ਦੇ ਨਾਂ 'ਤੇ ਲੋਕਾਂ ਨੂੰ ਵੰਡ ਕੇ ਵੋਟਾਂ ਬਟੋਰਨੀਆਂ ਸੌਖੀਆਂ ਲੱਗਦੀਆਂ ਹਨ। 5. ਜਨਤਾ ਦੀ ਉਦਾਸੀਨਤਾ: ਅਸੀਂ ਵੀ ਜ਼ਿੰਮੇਵਾਰ ਹਾਂ। ਅਸੀਂ ਜਾਤ, ਰਿਸ਼ਤੇਦਾਰੀ ਜਾਂ 500 ਰੁਪਏ ਦੀ ਬੋਤਲ 'ਤੇ ਵੋਟ ਪਾ ਦਿੰਦੇ ਹਾਂ। ਫਿਰ 5 ਸਾਲ ਸਿਸਟਮ ਨੂੰ ਕੋਸਦੇ ਰਹਿੰਦੇ ਹਾਂ।
ਹੱਲ ਕੀ ਹੈ? ਅਸੀਂ ਕਹਿੰਦੇ ਹਾਂ ਕਿ ਸਿਆਸਤ ਗੰਧਲੀ ਹੈ?
ਹਾਂ, "ਗੰਧਲੀ ਸਿਆਸਤ" ਪੰਜਾਬ ਦਾ ਸਭ ਤੋਂ ਵੱਡਾ ਦਰਦ ਬਣ ਗਈ ਹੈ। ਜਿੱਥੇ ਨੀਤੀਆਂ ਘੱਟ ਤੇ ਸਿਆਸੀ ਡਰਾਮੇ ਜ਼ਿਆਦਾ ਹਨ। ਇਸਦੇ 4 ਵੱਡੇ ਚਿਹਰੇ ਹਨ:

"ਕੁਰਸੀ ਬਚਾਓ" ਸਿਆਸਤ – ਕੰਮ ਨਾਲੋਂ ਸ਼ੋਸ਼ਾ ਜ਼ਿਆਦਾ
ਚੋਣ ਜਿੱਤਣ ਤੋਂ ਬਾਅਦ ਅਸਲ ਮੁੱਦੇ — ਖੇਤੀ, ਪਾਣੀ, ਨਸ਼ਾ, ਬੇਰੁਜ਼ਗਾਰੀ — ਪਿੱਛੇ ਰਹਿ ਜਾਂਦੇ ਹਨ। ਧਿਆਨ ਸਿਰਫ਼ ਇਹ ਰਹਿੰਦਾ ਹੈ ਕਿ ਵਿਰੋਧੀ ਨੂੰ ਕਿਵੇਂ ਨੀਵਾਂ ਦਿਖਾਈਏ।
ਉਦਾਹਰਨ:
ਵਿਧਾਨ ਸਭਾ ਸੈਸ਼ਨ ਦਾ 70% ਸਮਾਂ ਹੰਗਾਮੇ ਤੇ ਵਾਕਆਊਟ 'ਚ ਨਿਕਲ ਜਾਂਦਾ ਹੈ। ਬਜਟ 'ਤੇ ਚਰਚਾ 2 ਘੰਟੇ, ਪਰ ਇੱਕ ਦੂਜੇ 'ਤੇ ਇਲਜ਼ਾਮ 6 ਘੰਟੇ।
"ਪ੍ਰਚਾਰ ਜੀਵੀ" ਕਲਚਰ – ਜ਼ਮੀਨ 'ਤੇ ਕੰਮ 0, ਹੋਰਡਿੰਗ 'ਤੇ ਫੋਟੋ 100
ਹਰ ਛੋਟੇ ਕੰਮ ਦਾ ਵੱਡਾ ਇਸ਼ਤਿਹਾਰ। "ਮੁਫ਼ਤ ਬਿਜਲੀ" ਦਿੱਤੀ, ਪਰ ਬਿਜਲੀ ਬੋਰਡ ₹50,000 ਕਰੋੜ ਦੇ ਘਾਟੇ 'ਚ। "ਸਕੂਲ ਆਫ ਐਮੀਨੈਂਸ" ਬਣਾਏ, ਪਰ 40% ਸਰਕਾਰੀ ਸਕੂਲਾਂ 'ਚ ਅਧਿਆਪਕ ਹੀ ਪੂਰੇ ਨਹੀਂ।
ਉਦਾਹਰਨ:
ਮੋਹੱਲਾ ਕਲੀਨਿਕ ਦਾ ਬਹੁਤ ਪ੍ਰਚਾਰ ਹੋਇਆ, ਪਰ ਜ਼ਮੀਨੀ ਹਕੀਕਤ ਇਹ ਕਿ ਕਈ ਕਲੀਨਿਕਾਂ 'ਚ ਡਾਕਟਰ ਹਫ਼ਤੇ 'ਚ 2 ਦਿਨ ਹੀ ਆਉਂਦੇ ਹਨ।
"ਇਕੱਠ ਦਾ ਰਾਜ" – ਮਾਫੀਆ + ਸਿਆਸਤਦਾਨ + ਅਫ਼ਸਰ
ਰੇਤ, ਕੇਬਲ, ਸ਼ਰਾਬ, ਟਰਾਂਸਪੋਰਟ — ਹਰ ਕਾਰੋਬਾਰ 'ਚ "ਹਿੱਸਾ ਪੱਤੀ" ਦਾ ਸਿਸਟਮ। ਜੇ ਕੋਈ ਇਮਾਨਦਾਰ ਅਫ਼ਸਰ ਕਾਰਵਾਈ ਕਰੇ ਤਾਂ 3 ਮਹੀਨੇ 'ਚ ਬਦਲੀ।
ਉਦਾਹਰਨ:
ਰੇਤ ਮਾਫੀਆ: ਸਰਕਾਰੀ ਰੇਟ ₹5.50 ਪ੍ਰਤੀ ਕਿਊਬਿਕ ਫੁੱਟ, ਪਰ ਮਾਰਕੀਟ 'ਚ ₹25-30 'ਚ ਮਿਲਦੀ ਹੈ। ਫ਼ਰਕ ਕਿੱਥੇ ਜਾਂਦਾ ਹੈ? ਸਾਰੇ ਜਾਣਦੇ ਹਨ। • ਨਸ਼ਾ: ਪਿਛਲੇ 20 ਸਾਲਾਂ ਤੋਂ ਹਰ ਸਰਕਾਰ "4 ਹਫ਼ਤੇ 'ਚ ਨਸ਼ਾ ਖਤਮ" ਦਾ ਵਾਅਦਾ ਕਰਦੀ ਆਈ ਹੈ। ਪਰ NCRB ਡਾਟਾ ਕਹਿੰਦਾ ਹੈ ਪੰਜਾਬ 'ਚ NDPS ਦੇ ਕੇਸ ਲਗਾਤਾਰ ਵਧ ਰਹੇ ਹਨ। 4. "ਵੋਟ ਬੈਂਕ" ਦੀ ਰਾਜਨੀਤੀ – ਪੰਜਾਬ ਨੂੰ ਧਰਮ-ਜਾਤ 'ਚ ਵੰਡੋ
ਅਸਲ ਮੁੱਦੇ ਭੁਲਾਉਣ ਲਈ ਧਰਮ, ਡੇਰੇ, ਜਾਤ ਦੇ ਨਾਂ 'ਤੇ ਲੋਕਾਂ ਨੂੰ ਲੜਾਉਣਾ। ਚੋਣਾਂ ਤੋਂ 6 ਮਹੀਨੇ ਪਹਿਲਾਂ ਬੇਅਦਬੀ, 2 ਮਹੀਨੇ ਪਹਿਲਾਂ ਨਵਾਂ ਵਿਵਾਦ।
ਉਦਾਹਰਨ:
2015 ਬਰਗਾੜੀ ਕਾਂਡ ਤੋਂ ਬਾਅਦ ਹਰ ਚੋਣ 'ਚ ਇਹ ਮੁੱਦਾ ਉੱਠਦਾ ਹੈ, ਪਰ ਅੱਜ ਤੱਕ ਦੋਸ਼ੀ ਨੂੰ ਸਜ਼ਾ ਨਹੀਂ। ਕਿਉਂ? ਕਿਉਂਕਿ ਇਹ ਮੁੱਦਾ "ਜ਼ਿੰਦਾ" ਰੱਖਣਾ ਸਿਆਸੀ ਪਾਰਟੀਆਂ ਦੇ ਫਾਇਦੇ 'ਚ ਹੈ।
ਸਿਰਫ਼ ਸਰਕਾਰ ਬਦਲਣ ਨਾਲ ਸਿਆਸਤ ਨਹੀਂ ਬਦਲੇਗੀ। ਸਾਨੂੰ ਆਪਣੀ ਸੋਚ ਬਦਲਣੀ ਪਵੇਗੀ। ਉਮੀਦਵਾਰ ਦਾ ਪਿਛੋਕੜ ਦੇਖ ਕੇ ਵੋਟ ਪਾਈਏ। ਸਵਾਲ ਪੁੱਛਣ ਦੀ ਆਦਤ ਪਾਈਏ। ਜਦੋਂ ਤੱਕ ਵੋਟਰ ਜਾਗਰੂਕ ਨਹੀਂ ਹੋਵੇਗਾ, ਗੰਧਲੀ ਸਿਆਸਤ ਸਾਫ਼ ਨਹੀਂ ਹੋ ਸਕਦੀ। ਪੰਜਾਬ ਨੂੰ ਬਚਾਉਣਾ ਹੈ ਤਾਂ ਸਿਆਸਤ ਨੂੰ ਪਵਿੱਤਰ ਕਰਨਾ ਪਵੇਗਾ।
ਪੰਜਾਬ, ਜੋ ਕਦੇ ਗੁਰੂਆਂ-ਪੀਰਾਂ ਦੀ ਧਰਤੀ ਸੀ, ਜਿੱਥੇ ਸਿਆਸਤ ਦਾ ਮਤਲਬ ਸੇਵਾ ਹੁੰਦਾ ਸੀ, ਅੱਜ ਉਸ ਦੀ ਰਾਜਨੀਤੀ ਗੰਧਲੇ ਪਾਣੀ ਵਾਂਗ ਹੋ ਗਈ ਹੈ। ਚਿੱਟੇ ਦਿਨ ਵੋਟਾਂ ਦੇ ਨਾਮ 'ਤੇ ਝੂਠੇ ਵਾਅਦੇ, ਕੁਰਸੀ ਲਈ ਸਿਧਾਂਤਾਂ ਦੀ ਬੋਲੀ, ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕ ਕੇ ਸੱਤਾ ਦੀ ਖੇਡ ਖੇਡੀ ਜਾ ਰਹੀ ਹੈ। ਸਿਆਸਤ ਹੁਣ ਲੋਕਾਂ ਦੀ ਅਵਾਜ਼ ਨਹੀਂ ਰਹੀ, ਸਗੋਂ ਕੁਝ ਘਰਾਣਿਆਂ ਅਤੇ ਮਾਫ਼ੀਆ ਦੀ ਜਾਗੀਰ ਬਣ ਗਈ ਹੈ।
ਕਿਵੇਂ ਗੰਧਲੀ ਹੋਈ ਸਿਆਸਤ?

ਸਿਧਾਂਤਾਂ ਦਾ ਪਤਨ: ਕਦੇ ਪੰਜਾਬ ਦੀ ਸਿਆਸਤ ਮੋਰਚਿਆਂ, ਸੰਘਰਸ਼ਾਂ ਅਤੇ ਕੁਰਬਾਨੀਆਂ ਲਈ ਜਾਣੀ ਜਾਂਦੀ ਸੀ। ਅੱਜ ਦਲ-ਬਦਲੀ, ਨਿੱਜੀ ਸੁਆਰਥ ਅਤੇ ਪੈਸੇ ਦੀ ਚਮਕ ਨੇ ਵਿਚਾਰਧਾਰਾ ਨੂੰ ਖਾ ਲਿਆ ਹੈ। 2. ਨਸ਼ਾ ਤੇ ਬੇਰੁਜ਼ਗਾਰੀ: ਨੌਜਵਾਨਾਂ ਦੇ ਹੱਥਾਂ ਵਿੱਚ ਕਿਤਾਬਾਂ ਦੀ ਥਾਂ ਸਰਿੰਜਾਂ ਫੜਾ ਕੇ, ਰੁਜ਼ਗਾਰ ਦੇ ਨਾਮ 'ਤੇ ਧੋਖਾ ਦੇ ਕੇ, ਵੋਟਾਂ ਬਟੋਰਨ ਦਾ ਧੰਦਾ ਬਣ ਗਿਆ ਹੈ। 3. ਕਿਸਾਨੀ ਦਾ ਉਜਾੜਾ: ਅੰਨਦਾਤੇ ਨੂੰ ਸੜਕਾਂ 'ਤੇ ਰੋਲਣ ਵਾਲੀਆਂ ਨੀਤੀਆਂ ਅਤੇ ਕਾਰਪੋਰੇਟ ਘਰਾਣਿਆਂ ਦੀ ਪੁਸ਼ਤ-ਪਨਾਹੀ ਨੇ ਪੰਜਾਬ ਦੀ ਰੀੜ੍ਹ ਤੋੜ ਦਿੱਤੀ ਹੈ। 4. ਭਾਈਚਾਰੇ ਨੂੰ ਸੱਟ: ਵੋਟਾਂ ਖਾਤਰ ਧਰਮ, ਜਾਤ ਅਤੇ ਇਲਾਕੇ ਦੇ ਨਾਮ 'ਤੇ ਲੋਕਾਂ ਨੂੰ ਵੰਡਣਾ ਹੁਣ ਸਿਆਸੀ ਹਥਿਆਰ ਬਣ ਗਿਆ ਹੈ।
ਕਵੀਆਂ ਦੀ ਜ਼ੁਬਾਨੀ ਪੰਜਾਬ ਦਾ ਦਰਦ
ਪੰਜਾਬ ਦੇ ਕਵੀਆਂ ਨੇ ਹਮੇਸ਼ਾ ਸੱਤਾ ਦੇ ਗੰਧਲੇ ਚਿਹਰੇ ਨੂੰ ਨੰਗਾ ਕੀਤਾ ਹੈ। ਉਨ੍ਹਾਂ ਦੀਆਂ ਸਤਰਾਂ ਅੱਜ ਵੀ ਸਾਡੇ ਜ਼ਖ਼ਮਾਂ 'ਤੇ ਮੱਲ੍ਹਮ ਨਹੀਂ, ਸਗੋਂ ਸੱਚ ਦਾ ਸ਼ੀਸ਼ਾ ਹਨ:

ਡਾ. ਸੁਰਜੀਤ ਪਾਤਰ ਕਹਿੰਦੇ ਹਨ:
"ਸਿਆਸਤ ਦੇ ਗਲਿਆਰਿਆਂ 'ਚੋਂ ਲੰਘਿਆਂ, ਮੈਂ ਵੇਖਿਆ ਲੋਕਤੰਤਰ ਨੰਗਾ ਖੜ੍ਹਾ ਸੀ। ਉਹਦੇ ਤਨ 'ਤੇ ਵਰਦੀਆਂ ਸਨ ਵਾਅਦਿਆਂ ਦੀਆਂ, ਪਰ ਹਕੀਕਤ ਉਹਦੀ ਸ਼ਰਮ ਨਾਲ ਮਰਦੀ ਸੀ।"
ਪਾਸ਼ ਦੀ ਚੇਤਾਵਨੀ ਅੱਜ ਵੀ ਗੂੰਜਦੀ ਹੈ:
"ਸਭ ਤੋਂ ਖ਼ਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ। ਸਭ ਤੋਂ ਖ਼ਤਰਨਾਕ ਹੁੰਦਾ ਹੈ ਉਹ ਘੜੀ ਵੀ ਮਰ ਜਾਣੀ ਜੋ ਤੁਹਾਡੀ ਕਲਾਈ 'ਤੇ ਚੱਲਦੀ ਹੈ ਤੁਹਾਡੀ ਅੱਖ ਵਿੱਚ ਨਹੀਂ।"
ਪੰਜਾਬ ਦੇ ਲੋਕਾਂ ਦੀਆਂ ਅੱਖਾਂ 'ਚੋਂ ਸੁਪਨੇ ਖੋਹਣ ਵਾਲੀ ਸਿਆਸਤ ਸਭ ਤੋਂ ਖ਼ਤਰਨਾਕ ਹੈ।
ਸੰਤ ਰਾਮ ਉਦਾਸੀ ਨੇ ਕਿਸਾਨ-ਮਜ਼ਦੂਰ ਦੀ ਹਾਲਤ ਬਿਆਨ ਕੀਤੀ:
"ਮੈਂ ਪੁੱਤ ਪੰਜਾਬ ਦਾ, ਮੇਰੀ ਮਾਂ ਦੇ ਖੇਤ ਉਜੜ ਗਏ, ਦਿੱਲੀ ਦੇ ਤਖ਼ਤ 'ਤੇ ਬੈਠੇ ਲੁਟੇਰਿਆਂ ਨੇ ਸੌਦੇ ਕਰ ਲਏ। ਮੇਰੇ ਹਿੱਸੇ ਆਈਆਂ ਸਿਰਫ਼ ਚੋਣਾਂ ਦੀਆਂ ਰਾਤਾਂ, ਤੇ ਵਾਅਦਿਆਂ ਦੀਆਂ ਬੇ-ਅਰਥ ਬਾਰਾਤਾਂ।"
ਅਮਿਤੋਜ ਦਾ ਸਵਾਲ:
"ਕੀ ਬਣੂ ਪੰਜਾਬ ਦਾ, ਜਦੋਂ ਕੁਰਸੀ ਲਈ ਧੀਆਂ ਦੇ ਸੁਪਨੇ ਵੀ ਨਿਲਾਮ ਹੋਣ ਲੱਗ ਪਏ? ਜਦੋਂ ਹਰ ਚੌਰਾਹੇ 'ਤੇ ਇਮਾਨਦਾਰੀ ਪੁਰਾਣੇ ਸਿੱਕਿਆਂ ਵਾਂਗ ਖੋਟੀ ਮੰਨੀ ਜਾਵੇ?"
ਅੰਤ ਵਿੱਚ
ਗੰਧਲੀ ਸਿਆਸਤ ਦਾ ਹੱਲ ਸਿਰਫ਼ ਸਰਕਾਰਾਂ ਬਦਲਣ ਨਾਲ ਨਹੀਂ ਹੋਣਾ। ਪੰਜਾਬ ਨੂੰ ਆਪਣੇ ਜ਼ਮੀਰ ਨੂੰ ਜਗਾਉਣਾ ਪਵੇਗਾ। ਜਦ ਤੱਕ ਅਸੀਂ ਵੋਟ ਜਾਤ, ਧਰਮ ਜਾਂ 500 ਰੁਪਏ ਦੇ ਨੋਟ 'ਤੇ ਨਹੀਂ, ਸਗੋਂ ਆਪਣੇ ਬੱਚਿਆਂ ਦੇ ਭਵਿੱਖ 'ਤੇ ਪਾਵਾਂਗੇ, ਉਦੋਂ ਤੱਕ ਇਹ ਪਾਣੀ ਸਾਫ਼ ਨਹੀਂ ਹੋਣਾ। ਜਿਵੇਂ ਬਾਬੂ ਰਜਬ ਅਲੀ ਕਹਿ ਗਏ:
"ਹੱਕ ਸੱਚ 'ਤੇ ਪਹਿਰਾ ਦੇਣਾ, ਸ਼ੇਰਾਂ ਦਾ ਕੰਮ ਹੈ, ਗਿੱਦੜਾਂ ਦੇ ਟੋਲੇ ਤਾਂ ਮੁਰਦਿਆਂ 'ਤੇ ਰਾਜ ਕਰਦੇ ਨੇ।"

ਪੰਜਾਬ ਨੂੰ ਹੁਣ ਗਿੱਦੜਾਂ ਨਹੀਂ, ਸ਼ੇਰਾਂ ਦੀ ਲੋੜ ਹੈ।

## ਬੇਈਮਾਨਾਂ ਦੇ ਰਾਜ ਨਹੀਂ ਰਹਿਣੇ

ਵਰਲਡ ਪੰਜਾਬੀ ਟਾਈਮਜ਼
ਪਰਮਜੀਤ ਲਾਲੀ

*ਇਹ ਤਖਤ ਨਹੀਂ ਰਹਿਨੇ,ਤਾਜ ਨਹੀਂ ਰਹਿਣੇ,
ਸਦਾ ਬੇਈਮਾਨਾਂ ਦੇ,ਰਾਜ ਨਹੀਂ ਰਹਿਣੇ।

*ਸਦਾ ਕਿਰਤੀਆਂ ਦੀ ਲੁੱਟ ਨਹੀਂ ਰਹਿਣੀ,
ਸਦਾ ਸਰਮਾਏਦਾਰਾਂ ਹੱਥ ਸਮਾਜ ਨਹੀਂ ।

*ਸਦਾ ਹੀ ਤਕੜੇ ਦਾ ਸਤੀ-ਵੀਹੀਂ 100 ਨਹੀਂ ਰਹਿਣਾ,
ਇਹ ਵਹਿਮ-ਭਰਮ ਤੇ ਰਸਮੋ-ਰਿਵਾਜ ਨਹੀਂ ਰਹਿਣੇ।

*ਸਦਾ ਲੁਟੇਰਿਆਂ ਦੀ ਚੜਤ ਨਹੀਂ ਰਹਿਣੀ,
ਸਦਾ ਹੀ ਲੱਗਦੇ ਮੂਲ ਨੂੰ ਵਿਆਜ ਨਹੀਂ ਰਹਿਣੇ।

*ਜੋ ਮਹਿਲਾਂ ਵਿੱਚ ਵੱਜਦੇ ਨੇ ਅੱਜ,
ਸਦਾ ਹੀ ਵੱਜਦੇ ਉਹ,ਸਾਜ ਨਹੀਂ ਰਹਿਣੇ।

*ਕੁੱਲੀਆਂ ਵਿੱਚ ਵੀ ਚਾਨਣ ਫੁੱਟੇਗਾ ਇੱਕ ਦਿਨ,
ਸਦਾ ਹੀ ਚਿੜੀਆਂ ਨੂੰ ਪੈਂਦੇ,ਬਾਜ ਨਹੀਂ ਰਹਿਣੇ।
ਸਦਾ ਹੀ ਚਿੜੀਆਂ ਨੂੰ ਪੈਂਦੇ.......